**School District No. 36 (Surrey)**
**Curriculum & Instructional Services Centre**
7532 – 134A Street, Surrey, B.C. V3W 7J1
Tel: (604) 590-2255 Fax: (604) 590-2588


ਸਤਿਕਾਰ ਯੋਗ ਪਹਿਲੀ ਤੋਂ ਸੱਤਵੀਂ ਤੱਕ ਦੇ ਵਿਦਿਆਰਥੀਆਂ ਦੇ ਮਾਤਾ ਅਤੇ ਪਿਤਾ ਜੀਓ,

ਮੈਨੂੰ ਪੂਰੀ ਆਸ ਹੈ ਕਿ ਦਸਬੰਰ ਵਿੱਚ ਤੁਹਾਡੇ ਬੱਚੇ ਦੇ ਪਹਿਲੇ ਰੀਪੋਰਟ ਕਾਰਡ ਨੂੰ ਦੇਖਣ ਅਤੇ ਪੜ੍ਹਨ ਲਈ ਤੁਸੀਂ ਕਾਫੀ ਓਤਾਵਲੇ ਹੋਵੋਗੇ ।

ਤੁਹਾਡੇ ਬੱਚੇ ਦੇ ਰੀਪੋਰਟ ਕਾਰਡ ਵਿੱਚ ਸਿੱਖਣ ਵਾਲੀਆਂ ਕਈ ਤਰਾਂ ਦੀਆਂ ਮਾਹਿਰਤਾਂ ਦਰਜ ਹੋਣਗੀਆਂ ਜਿਹਨਾਂ ਰਾਹੀਂ ਬੱਚੇ ਦੇ ਸਿੱਖਣ ਅਤੇ ਸਿਖਾਓਣ ਬਾਰੇ ਜਾਣਕਾਰੀ ਦਰਜ ਹੋਵੇਗੀ । ਤੁਹਾਡੇ ਬੱਚੇ ਦੀ ਇਹਨਾਂ ਮਾਹਿਰਤਾਂ ਦੀ ਓਨੰਤੀ ਬਾਰੇ ਨਾਪਣਾਂ ਇਹਨਾਂ ਚਾਰ ਸ਼੍ਰੈਣੀਆਂ ਰਾਹੀਂ ਦਰਸਾਈ ਜਾਂਦੀ ਹੈ :

ਬੱਚਾ ਲੋੜੀਂਦੀਆਂ ਮਾਹਿਰਤਾਂ ਵਿੱਚ ਅੱਗੇ ਹੈ

- ਕਿ ਬੱਚਾ ਸਿੱਖਣ ਵਾਲੀਆਂ ਮਾਹਿਰਤਾਂ ਵਿੱਚ ਆਪਣੀ ਕਲਾਸ ਤੋਂ ਅੱਗੇ ਹੈ
- ਕਿ ਬੱਚਾ ਵਿਦਿਆ ਵਿਭਾਗ ਵਲੋਂ ਜਾਰੀ ਕੀਤੀਆਂ ਮਾਹਿਰਤਾਂ ਨੂੰ ਇੱਕ ਵਿਸ਼ੇਸ਼ ਢੰਗ ਨਾਲ ਸਿੱਖ ਚੁੱਕਾ ਹੈ

ਇਸ ਮਾਪ ਨਾਪ ਦਾ ਮਤਲਬ ਹੈ ਕਿ ਬੱਚਾ ਅਗਲੀ ਕਲਾਸ ਦੇ ਲੈਵਲ ਵਿੱਚ ਚਲ ਰਿਹਾ ਹੈ ਅਤੇ ਓਸਦੀ ਤਰੱਕੀ ਅਗਲੀ ਕਲਾਸ ਦੇ ਵਿਦਿਆਰਥੀਆਂ ਬਰਾਬਰ ਹੈ ।

ਬੱਚਾ ਇਸ ਕਲਾਸ ਦੀਆਂ ਲੋੜੀਂਦੀਆਂ ਮਾਹਿਰਤਾਂ ਦੇ ਯੋਗ ਹੈ

- ਕਿ ਬੱਚਾ ਸਿੱਖਣ ਵਾਲੀਆਂ ਮਾਹਿਰਤਾਂ ਅਨੁਸਾਰ ਆਪਣੀ ਕਲਾਸ ਦੇ ਯੋਗ ਹੈ
- ਕਿ ਬੱਚਾ ਇਸ ਕਲਾਸ ਵਿੱਚ ਸਿੱਖਣ ਵਾਲੀਆਂ ਮਾਹਿਰਤਾਂ ਵਿੱਚ ਕਾਮਯਾਬ ਹੈ

ਇਸ ਮਾਪ ਨਾਪ ਦਾ ਮਤਲਬ ਹੈ ਕਿ ਬੱਚਾ ਇਸ ਕਲਾਸ ਦੇ ਯੋਗ ਹੈ ਅਤੇ ਇਸ ਯੋਗਤਾ ਲਈ ਅਧਿਆਪਕ ਜਾਂ ਹੋਰ ਦਖਲ ਅੰਦਾਜ਼ੀ ਦੀ ਜ਼ਰੂਰਤ ਨਹੀਂ ।

ਬੱਚਾ ਇਸ ਕਲਾਸ ਦੀਆਂ ਲੋੜੀਂਦੀਆਂ ਮਾਹਿਰਤਾਂ ਵਿੱਚ ਪੂਰਾ ਕਾਮਯਾਬ ਨਹੀਂ ਹੈ

- ਕਿ ਬੱਚਾ ਇਸ ਕਲਾਸ ਦੀਆਂ ਲੋੜੀਂਦੀਆਂ ਮਾਹਿਰਤਾਂ ਵਿੱਚ ਲਗਾਤਾਰ ਕਾਮਯਾਬ ਨਹੀਂ, ਮਾਹਿਰਤਾਂ ਨੂੰ ਸਿੱਖਣ ਵਿੱਚ ਪੂਰਾ ਕਾਮਯਾਬ ਨਹੀਂ
- ਕਿ ਬੱਚਾ ਕਾਮਯਾਬੀ ਵਲ ਤੁਰ ਰਿਹਾ ਹੈ ਲੇਕਿਨ ਸਭ ਲੋੜੀਂਦੀ ਵਿਦਿਆ ਨਹੀਂ ਪਾ ਰਿਹਾ ਅਤੇ ਵਾਧੂ ਮਦਦ ਦੀ ਲੋੜ ਹੈ

ਇਸ ਦਾ ਮਤਲਬ ਹੈ ਕਿ ਬੱਚੇ ਦੀ ਕਾਮਯਾਬੀ ਲਈ ਅਧਿਆਪਕ ਦੀ ਲਗਾਤਾਰ ਅਤੇ ਵੱਧ ਜ਼ਰੂਰਤ ਹੈ, ਮਤਲਬ ਕਿ ਬੱਚਾ ਆਪ ਨਹੀਂ ਲੋੜੀਂਦੀ ਸਿੱਖਿਆ ਲੈ ਰਿਹਾ ।

ਬੱਚਾ ਅਜੇ ਆਪਣੀ ਕਲਾਸ ਵਿੱਚ ਕਾਮਯਾਬੀ ਨਹੀਂ ਪਾ ਰਿਹਾ

- ਕਿ ਬੱਚਾ ਆਪਣੀ ਕਲਾਸ ਤੋਂ ਪਿੱਛੇ ਹੈ
- ਕਿ ਬੱਚਾ ਲੋੜੀਂਦੀਆਂ ਮਾਹਿਰਤਾਂ ਵਿੱਚ ਕਾਮਯਾਬੀ ਨਹੀਂ ਪਾ ਰਿਹਾ
- ਕਿ ਬੱਚੇ ਦੀ ਕਾਮਯਾਬੀ ਲਈ ਖਾਸ ਦਖਲ ਅੰਦਾਜ਼ੀ ਦੀ ਜ਼ਰੂਰਤ ਹੈ

ਇਸ ਮਾਪ ਨਾਪ ਦਾ ਮਤਲਬ ਹੈ ਕਿ ਬੱਚਾ ਆਪਣੀ ਕਲਾਸ ਵਿੱਚ ਪਿੱਛੇ ਹੈ ਅਤੇ ਪੂਰੀ ਨਿਪੁੰਨਤਾ ਲਈ ਸਖਤ ਦਖਲ ਅੰਦਾਜ਼ੀ ਦੀ ਜ਼ਰੂਰਤ ਹੈ

ਇਹਨਾਂ ਵੱਖ ਵੱਖ ਓਨਤੀ ਨਾਪਣ ਦੀਆਂ ਸ਼੍ਰੈਣੀਆਂ ਰਾਹੀਂ ਬੱਚੇ ਦੀ ਵਰਤਮਾਨ ਸਮੇਂ ਦੀ ਮਾਹਿਰਤਾ ਅਤੇ ਭਵਿੱਖ ਲਈ ਹੋਰ ਤਰੱਕੀ ਲਈ ਦਖਲ ਅੰਦਾਜ਼ੀ ਦੀ ਜ਼ਰੂਰਤ ਬਾਰੇ ਜਾਣਕਾਰੀ ਮਿਲਦੀ ਹੈ ।

ਮੈਨੂੰ ਆਸ ਹੈ ਕਿ ਤੁਹਾਡੇ ਬੱਚੇ ਦੀ ਓਨਤੀ ਅਤੇ ਮਾਹਿਰਤਾ ਬਾਰੇ ਇਸ ਸੰਖੇਪ ਰੂਪ ਵਿੱਚ ਦਿੱਤੀ ਗਈ ਜਾਣਕਾਰੀ ਤੁਹਾਡੇ ਲਈ ਰਿਪੋਰਟ ਕਾਰਡ ਨੂੰ ਜਾਨਣ ਬਾਰੇ ਅਤੇ ਸਿੱਖਣ ਬਾਰੇ ਮਦਦਗਾਰ ਅਤੇ ਵਿਆਖਿਆ ਭਰਪੂਰ ਸਿੱਧ ਹੋਏਗੀ ।

ਤੁਹਾਡੀ ਸ਼ੁਭਚਿੰਤਕ,

ਪੈਟ ਹੋਰਸਟੈਡ
ਵਿਦਿਆ ਦੀ ਡਾਇਰੈਕਟਰ